# #49 ਬਹੁਤ ਤੇਜ਼ ਹੁੰਦਾ ਜਾ ਰਿਹਾ ਹੈ!

**ਜੂਨ 2026 ਤੋਂ ਸ਼ੁਰੂ ਹੋ ਕੇ:**

ਗੇੜਿਆਂ ਨੂੰ ਹੋਰ ਤੇਜ਼ ਅਤੇ ਜ਼ਿਆਦਾ ਭਰੋਸੇਮੰਦ ਬਣਾਉਣ ਲਈ, ਅਸੀਂ Crown St. ਅਤੇ Boundary Rd. ਦੇ ਵਿਚਕਾਰ ਰੂਟ 49 ਦੇ ਨਾਲ ਬੱਸ ਅੱਡ ਦੇ ਟਿਕਾਣਿਆਂ ਵਿੱਚ ਬਦਲਾਵ ਕਰ ਰਹੇ ਹਾਂ। ਜਦੋਂ ਅੱਡੇ ਇੱਕ-ਦੂਜੇ ਦੇ ਬਹੁਤ ਨਜ਼ਦੀਕ ਹੁੰਦੇ ਹਨ - ਜਿਵੇਂ ਕਿ ਲਗਭਗ ਰੂਟ 49 ਦੇ ਅੱਧੇ ਕੁ ਅੱਡਿਆਂ ਨੂੰ ਜ਼ਿਆਦਾ ਅਕਸਰ ਹੌਲੀ ਕਰਕੇ ਕਿਨਾਰੇ ‘ਤੇ ਰੋਕਣਾ ਪੈਂਦਾ ਹੈ, ਜਿਸ ਨਾਲ ਸੇਵਾ ਹੌਲੀ ਅਤੇ ਘੱਟ ਭਰੋਸੇਮੰਦ ਹੋ ਜਾਂਦੀ ਹੈ।

ਇਹਨਾਂ ਸੁਧਾਰਾਂ ਨਾਲ ਖੇਤਰ ਦੇ ਸਭ ਤੋਂ ਜ਼ਿਆਦਾ ਵਿਅਸਤ ਬੱਸ ਰੂਟਾਂ ਵਿੱਚੋਂ ਇੱਕ ਵਿੱਚ ਵੱਡਾ ਅੰਤਰ ਦੇਖਣ ਨੂੰ ਮਿਲੇਗਾ, ਜੋ ਇੱਕ ਸਾਲ ਵਿੱਚ Metrotown ਅਤੇ UBC ਦੇ ਵਿੱਚਕਾਰ 8.5 ਮਿਲੀਅਨ ਗੇੜੇ ਲਗਾਉਂਦਾ ਹੈ।




## ਕੀ ਬਦਲ ਰਿਹਾ ਹੈ

ਅਸੀਂ ਹੇਠ ਲਿਖੀਆਂ ਚੀਜ਼ਾਂ ਦਾ ਪ੍ਰਸਤਾਵ ਦੇ ਕੇ ਕੌਰੀਡੋਰ ਦੇ ਨਾਲ-ਨਾਲ ਆਵਾਜਾਈ ਨੂੰ ਬਿਹਤਰ ਬਣਾ ਰਹੇ ਹਾਂ:

- ਤਿੰਨ ਘੱਟ ਵਰਤੇ ਜਾਂਦੇ ਅੱਡਿਆਂ ਵਿੱਚੋਂ ਲਗਭਗ ਇੱਕ ਨੂੰ ਹਟਾਉਣਾ
- ਵੱਡੇ ਟਿਕਾਣਿਆਂ ਅਤੇ ਸਿਗਨਲ ਵਾਲੇ ਲਾਂਘਿਆਂ ਦੇ ਨਾਲ ਤਿੰਨ ਨਵੇਂ ਅੱਡੇ ਸ਼ਾਮਲ ਕਰਨਾ

ਨਜ਼ਦੀਕੀ ਨਿਰਮਾਣ ਦੇ ਕਾਰਣ ਕੁਝ ਅੱਡਿਆਂ ਦਾ ਅਸਥਾਈ ਤੌਰ ‘ਤੇ ਸਥਾਨ ਬਦਲਿਆ ਗਿਆ ਹੈ। ਪ੍ਰਸਤਾਵਿਤ ਬਦਲਾਵ ਨਿਯਮਿਤ ਸਥਾਨਾਂ ਉੱਤੇ ਆਧਾਰਿਤ ਹਨ ਜਿਹੜੇ ਨਿਰਮਾਣ ਪੂਰਾ ਹੁੰਦਿਆਂ ਸਾਰ ਵਾਪਸ ਅੱਡਿਆਂ ਵਿੱਚ ਬਦਲ ਜਾਣਗੇ।

## ਕੁਝ ਕੁ, ਬਿਹਤਰ-ਥਾਂ ਵਾਲੇ ਅੱਡਿਆਂ ਨਾਲ ਹੇਠ ਲਿਖੇ ਫਾਇਦੇ ਹੋਣਗੇ:

- ਜ਼ਿਆਦਾ ਅਨੁਮਾਨਯੋਗ ਯਾਤਰਾ ਸਮਾਂ

CITY OF VANCOUVER

- ਤੇਜ਼ ਗੇੜੇ ਅਤੇ ਘੱਟ ਉਡੀਕ
- ਜ਼ਿਆਦਾ ਸੁਰੱਖਿਅਤ, ਜ਼ਿਆਦਾ ਪਹੁੰਚਣਯੋਗ ਅੱਡੇ ਦੇ ਟਿਕਾਣੇ
- ਸਕੂਲਾਂ, ਦੁਕਾਨਾਂ, ਅਤੇ ਵਿਅਸਤ ਮੰਜ਼ਿਲਾਂ ਤਕ ਲਗਾਤਾਰ ਪਹੁੰਚ
- 90% ਰਾਈਡਰਸ ਆਪਣੇ ਵਰਤਮਾਨ ਅੱਡੇ ਦੀ ਵਰਤੋਂ ਕਰਦੇ ਰਹਿਣਗੇ। ਜਦੋਂ ਕੋਈ ਅੱਡਾ ਹਟਾਇਆ ਜਾਂਦਾ ਹੈ, ਤਾਂ ਦੂਜਾ ਅੱਡਾ ਇੱਕ ਬਲੌਕ ਦੇ ਅੰਦਰ ਉਪਲਬਧ ਹੋਵੇਗਾ

## ਤੁਹਾਡਾ ਫੀਡਬੈਕ ਮਾਇਨੇ ਰੱਖਦਾ ਹੈ!

ਅਸੀਂ ਤੁਹਾਡੀ ਰਾਏ ਲੈਣਾ ਚਾਹੁੰਦੇ ਹਾਂ, ਭਾਵੇਂ ਤੁਸੀਂ ਕਿਸੇ ਖੇਤਰ ‘ਤੇ ਯਾਤਰਾ ਕਰਦੇ ਹੋ ਜਾਂ ਇਸ ਵਿੱਚੋਂ ਲੰਘਦੇ ਹੋ।

ਸਰਵੇਖਣ ਪੂਰਾ ਕਰਨ ਲਈ, QR ਕੋਡ ਸਕੈਨ ਕਰੋ ਜਾਂ 9 ਫਰਵਰੀ ਅਤੇ 1 ਮਾਰਚ, 2026 ਦੇ ਵਿਚਕਾਰ translink.ca/route49 ‘ਤੇ ਜਾਓ

ਬੱਸ ਅੱਡੇ ਵਿੱਚ ਬਦਲਾਵਾਂ ਬਾਰੇ ਸਵਾਲਾਂ ਲਈ, buspriority@translink.ca ‘ਤੇ ਈਮੇਲ ਕਰੋ

ਬੱਸ ਲਾਈਨ ਵਿੱਚ ਸੁਧਾਰਾਂ ਉੱਤੇ ਜ਼ਿਆਦਾ ਜਾਣਕਾਰੀ ਲਈ, vancouver.ca/49ave-transit ‘ਤੇ ਜਾਓ